ਜੀ ਆਇਆਂ ਨੂੰ, ਆਓ ਤੁਹਾਡੀ ਸ਼ੁਰੂਆਤ ਕਰੀਏ

ਵੈਨਸਿਟੀ ਨਾਲ ਕੈਨੇਡਾ ਵਿੱਚ ਆਪਣਾ ਵਿੱਤ ਸਬੰਧੀ ਸਫ਼ਰ ਸ਼ੁਰੂ ਕਰੋ — ਅਸੀਂ ਤੁਹਾਡੀ ਮਦਦ ਲਈ ਹਾਜ਼ਰ ਹਾਂ!

ਬੈਂਕ ਦੇ ਕੰਮ ਕਾਜ ਸਾਡੇ ਨਾਲ ਕਿਉਂ?

ਕੀ ਤੁਸੀਂ ਵਿੱਤ ਵਿਵਸਥਾ ਰਾਹੀਂ ਵਿਅਕਤੀਆਂ, ਕਮਿਊਨਿਟੀਆਂ ਅਤੇ ਧਰਤੀ ਨੂੰ ਲਾਭ ਪਹੁੰਚਾਉਣ ਵਾਲੀਆਂ ਪ੍ਰਭਾਵਸ਼ਾਲੀ ਤਬਦੀਲੀਆਂ ਲਿਆਉਣ ਵਿੱਚ ਮਦਦ ਕਰਨਾ ਚਾਹੁੰਦੇ ਹੋ? ਫਿਰ ਵੈਨਕੂਵਰ ਸਿਟੀ ਸੇਵਿੰਗਜ਼ ਕ੍ਰੈਡਿਟ ਯੂਨੀਅਨ ਵਿੱਚ ਸ਼ਾਮਲ ਹੋਵੋ। ਪਰ ਤੁਸੀਂ ਸਾਨੂੰ ਵੈਨਸਿਟੀ ਕਹਿ ਸਕਦੇ ਹੋ। ਅਸੀਂ ਕੈਨੇਡਾ ਦੀਆਂ ਸਭ ਤੋਂ ਵੱਡੀਆਂ ਕ੍ਰੈਡਿਟ ਯੂਨੀਅਨਾਂ ਵਿੱਚੋਂ ਇੱਕ ਹਾਂ।

ਮੈਂਬਰਾਂ ਦੀ ਮਾਲਕੀ ਵਾਲੀ, ਕਦਰਾਂ ਕੀਮਤਾਂ-ਅਧਾਰਿਤ ਵਿੱਤ ਨਾਲ ਸਬੰਧਿਤ ਸਹਿਕਾਰੀ ਹੋਣ ਦੇ ਨਾਤੇ, ਅਸੀਂ ਸਾਲਾਨਾ ਮੁਨਾਫ਼ੇ ਦਾ 30 ਪ੍ਰਤੀਸ਼ਤ ਮੈਂਬਰਾਂ ਅਤੇ ਸਥਾਨਕ ਕਮਿਊਨਿਟੀ ਸੰਸਥਾਵਾਂ ਅਤੇ ਵਾਤਾਵਰਣ 'ਚ ਸਹਾਈ ਹੋਣ ਵਾਲੀਆਂ ਪਹਿਲਕਦਮੀਆਂ ਨੂੰ ਵਾਪਸ ਕਰ ਦਿੰਦੇ ਹਾਂ। ਇੱਕ ਮੈਂਬਰ ਹੋਣ ਦੇ ਨਾਤੇ ਇਸ ਦਾ ਮਤਲਬ ਹੈ ਕਿ ਸਾਡੇ ਤਬਦੀਲੀ ਨੂੰ ਫੰਡ ਦੇਣ ਦੇ ਤਰੀਕੇ ਵਿੱਚ ਤੁਹਾਡੀ ਆਵਾਜ਼ ਹੋਵੇਗੀ। ਹੋਰ ਵੇਰਵਿਆਂ ਲਈ **vancity.com** 'ਤੇ ਜਾਓ।

ਨਵੇਂ ਆਉਣ ਵਾਲਿਆਂ ਲਈ ਬੈਂਕਿੰਗ ਯੋਜਨਾ ਦੇ ਵੇਰਵੇ:

ਯੋਗਤਾ: ਜੇਕਰ ਤੁਸੀਂ 5 ਸਾਲਾਂ ਦੇ ਅੰਦਰ ਕੈਨੇਡਾ ਪਹੁੰਚੇ ਹੋ, ਘੱਟੋ-ਘੱਟ 19 ਸਾਲ ਦੇ ਹੋ ਅਤੇ ਬੀ.ਸੀ. ਦੇ ਨਿਵਾਸੀ ਹੋ।

- **3,500 ਡਾਲਰ ਦੀ ਲਿਮਟ ਵਾਲਾ ਕ੍ਰੈਡਿਟ ਕਾਰਡ**

  ਤੁਸੀਂ enviro™ (ਇਨਵੀਰੋ) ਵੀਜ਼ਾ* ਕ੍ਰੈਡਿਟ ਕਾਰਡ ਲਈ ਯੋਗ ਹੋ ਸਕਦੇ ਹੋ ਭਾਵੇਂ ਤੁਹਾਡੀ ਕੈਨੇਡਾ ਵਿੱਚ ਕ੍ਰੈਡਿਟ ਹਿਸਟਰੀ ਨਾ ਵੀ ਹੋਵੇ।
- **2 ਸਾਲਾਂ ਲਈ ਮਾਸਿਕ ਫੀਸ ਦੀ ਛੋਟ (ਕੀਮਤ 9.75 ਡਾਲਰ) ਨਾਲ ਚੈਕਿੰਗ ਅਕਾਊਂਟ**

  ਨਾਲ ਹੀ, ਪਹਿਲਾ ਚੈੱਕ ਆਰਡਰ ਮੁਫ਼ਤ ਅਤੇ ਪਹਿਲਾ ਬੈਂਕ ਡਰਾਫਟ ਮੁਫ਼ਤ ।
- **ਹਾਈ ਇਨਟਰੱਸਟ ਸੇਵਿੰਗਜ਼ ਅਕਾਊਂਟ ਪ੍ਰੋਮੋ ਰੇਟ**

  ਜਦੋਂ ਤੁਸੀਂ 30 ਦਿਨਾਂ ਦੇ ਅੰਦਰ ਇੱਕ ਨਵਾਂ Jumpstart™ (ਜੰਪਸਟਾਰਟ) ਹਾਈ ਇਨਟਰੱਸਟ ਸੇਵਿੰਗਜ਼ ਅਕਾਊਂਟ (ਜ਼ਿਆਦਾ ਵਿਆਜ ਵਾਲਾ ਬੱਚਤ ਖਾਤਾ) ਖੋਲ੍ਹਦੇ ਹੋ ਤਾਂ ਤੁਸੀਂ ਆਪਣੇ ਆਪ ਹੀ ਇਸ ਸਪੈਸ਼ਲ ਰੇਟ ਦੀ ਪੇਸ਼ਕਸ਼ ਲਈ ਯੋਗ ਹੋ ਜਾਂਦੇ ਹੋ। ਸਿਰਫ਼ ਨਵੇਂ ਮੈਂਬਰਾਂ ਲਈ ਉਪਲਬਧ।

ਵੈਨਸਿਟੀ ਨੂੰ ਚੁਣਨ ਲਈ ਧੰਨਵਾਦ - ਅਸੀਂ ਤੁਹਾਡੇ ਵਿੱਤੀ ਸਫਰ ਵਿੱਚ ਤੁਹਾਨੂੰ ਸਹਿਯੋਗ ਦੇਣ ਦੀ ਉਡੀਕ ਕਰਦੇ ਹਾਂ।

ਤੁਹਾਡੀਆਂ ਜਮ੍ਹਾਂ ਰਕਮਾਂ ਕ੍ਰੈਡਿਟ ਯੂਨੀਅਨ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਬ੍ਰਿਟਿਸ਼ ਕੋਲੰਬੀਆ (ਸੀ ਯੂ ਡੀ ਆਈ ਸੀ) ਦੁਆਰਾ 100% ਸੁਰੱਖਿਅਤ ਹਨ।

ਸ਼ਬਦਾਵਲੀ

ਏ ਟੀ ਐੱਮ (ਆਟੋਮੇਟਿਡ ਟੈਲਰ ਮਸ਼ੀਨ): ਇੱਕ ਸਵੈ-ਸੇਵਾ ਮਸ਼ੀਨ ਜਿੱਥੇ ਤੁਸੀਂ ਆਪਣੇ ਡੈਬਿਟ ਕਾਰਡ ਅਤੇ ਪਿੰਨ (ਪਰਸਨਲ ਅਡੈਂਟੀਫੀਕੇਸ਼ਨ ਨੰਬਰ-ਨਿੱਜੀ ਪਛਾਣਨੰਬਰ) ਦੀ ਵਰਤੋਂ ਕਰਕੇ ਬੈਂਕ ਰਾਹੀਂ ਆਮ ਲੈਣ-ਦੇਣ ਕਰ ਸਕਦੇ ਹੋ ਅਤੇ ਨਕਦੀ ਕਢਵਾ ਸਕਦੇ ਹੋ।

ਚੈਕਿੰਗ ਅਕਾਊਂਟ: ਇਹ ਉਹ ਬੈਂਕ ਖਾਤਾ ਹੈ ਜਿਹੜਾ ਤੁਸੀਂ ਆਪਣੇ ਰੋਜ਼ਾਨਾ ਦੇ ਲੈਣ-ਦੇਣ ਲਈ ਵਰਤਦੇ ਹੋ। ਇਹਨਾਂ ਵਿੱਚ ਤਨਖਾਹ ਜਮ੍ਹਾਂ ਕਰਵਾਉਣਾ, ਬਿੱਲਾਂ ਦਾ ਭੁਗਤਾਨ ਕਰਨਾ, ਔਨਲਾਈਨ ਪੈਸੇ ਭੇਜਣਾ ਜਾਂ ਏ ਟੀ ਐੱਮ ਤੋਂ ਪੈਸੇ ਕਢਵਾਉਣਾ ਸ਼ਾਮਲ ਹੈ। ਤੁਹਾਨੂੰ ਤੁਹਾਡੇ ਚੈਕਿੰਗ ਅਕਾਊਂਟ ਨਾਲ ਜੁੜਿਆ ਇੱਕ ਡੈਬਿਟ ਕਾਰਡ ਮਿਲੇਗਾ।

ਕ੍ਰੈਡਿਟ ਕਾਰਡ: ਇਸ ਨਾਲ ਤੁਸੀਂ ਨਕਦ ਭੁਗਤਾਨ ਕਰਨ ਦੀ ਬਜਾਏ ਕਾਰਡ ਰਾਹੀਂ ਖਰੀਦਦਾਰੀ ਕਰ ਸਕਦੇ ਹੋ। ਆਮ ਤੌਰ 'ਤੇ, ਨਵੀਆਂ ਖਰੀਦਦਾਰੀਆਂ 'ਤੇ ਕੋਈ ਵਿਆਜ ਨਹੀਂ ਲਿਆ ਜਾਂਦਾ ਜੇਕਰ ਮਾਸਿਕ ਬਕਾਏ ਦਾ ਪਿਛਲੇ ਅਤੇ ਚੱਲ ਰਹੇ ਮਹੀਨੇ, ਦੋਵਾਂ ਵਿੱਚ ਨਿਯਤ ਮਿਤੀ ਤੱਕ ਪੂਰਾ ਭੁਗਤਾਨ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਸ ਤਰ੍ਹਾਂ ਲੋਕ ਕੈਨੇਡਾ ਵਿੱਚ ਆਪਣਾ ਕ੍ਰੈਡਿਟ ਸਕੋਰ ਅਤੇ ਕ੍ਰੈਡਿਟ ਹਿਸਟਰੀ ਬਣਾਉਣੀ ਸ਼ੁਰੂ ਕਰਦੇ ਹਨ।

ਡੈਬਿਟ ਕਾਰਡ: ਇਸ ਨਾਲ ਤੁਸੀਂ ਆਪਣੇ ਚੈਕਿੰਗ ਅਤੇ/ਜਾਂ ਬੱਚਤ ਖਾਤਿਆਂ 'ਚੋਂ ਨਕਦੀ ਕਢਵਾ ਸਕਦੇ ਹੋ। ਤੁਸੀਂ ਇਸ ਨੂੰ ਏ ਟੀ ਐੱਮ 'ਤੇ ਜਾਂ ਸਟੋਰਾਂ ਅਤੇ ਕਾਰੋਬਾਰਾਂ ਤੋਂ ਖਰੀਦਦਾਰੀ ਦੇ ਭੁਗਤਾਨ ਕਰਨ ਲਈ ਵਰਤ ਸਕਦੇ ਹੋ।

ਇੰਟਰੈਕ ਈ-ਟਰਾਂਸਫਰ®: ਤੁਸੀਂ ਇਸ ਨਾਲ ਕੈਨੇਡਾ ਵਿੱਚ ਕਿਸੇ ਵੀ ਵਿਅਕਤੀ, ਜਿਸ ਕੋਲ ਔਨਲਾਈਨ ਬੈਂਕਿੰਗ ਅਕਾਊਂਟ ਅਤੇ ਈਮੇਲ ਪਤਾ ਜਾਂ ਮੋਬਾਈਲ ਫੋਨ ਹੋਵੇ,ਨੂੰ ਔਨਲਾਈਨ ਬੈਂਕਿੰਗ ਰਾਹੀਂ ਸੁਰੱਖਿਅਤ ਅਤੇ ਤੇਜ਼ੀ ਨਾਲ ਪੈਸੇ ਭੇਜ ਸਕਦੇ ਹੋ। ਜ਼ਿਆਦਾਤਰ ਕੈਨੇਡੀਅਨ ਈ-ਟਰਾਂਸਫਰ ਦੀ ਵਰਤੋਂ ਕਰ ਕੇ ਆਪਣੇ ਕਿਰਾਏ ਦਾ ਭੁਗਤਾਨ ਕਰਦੇ ਹਨ।

ਇਨਵੈਸਟਮੈਂਟ (ਨਿਵੇਸ਼): ਉਹ ਧਨ ਜਿਸ ਦੀ ਵਰਤੋਂ ਕੋਈ ਵਿਅਕਤੀ ਇਸ ਉਮੀਦ ਨਾਲ ਕਰਦਾ ਹੈ ਕਿ ਉਸ ਤੋਂ ਆਮਦਨ ਜਾਂ ਲਾਭ ਹੋਵੇ।

ਕ੍ਰੈਡਿਟ ਲਾਈਨ: ਕਰਜ਼ੇ ਦਾ ਇੱਕ ਰੂਪ ਜਿਸ ਵਿੱਚ ਕਰਜ਼ਾ ਲੈਣ ਵਾਲਾ ਜਦੋਂ ਲੋੜ ਪਵੇ ਵੱਧ ਤੋਂ ਵੱਧ ਮਿਥੀ ਗਈ ਹੱਦ ਤੱਕ ਰਕਮ ਕਢਵਾਉਂਦਾ ਹੈ।

ਲੋਨ: ਇੱਕ ਇਕਰਾਰਨਾਮਾ ਜਿਸ ਦੇ ਤਹਿਤ ਕਰਜ਼ਾ ਲੈਣ ਵਾਲਾ ਕਰਜ਼ਾ ਦੇਣ ਵਾਲੇ (ਆਮ ਤੌਰ 'ਤੇ ਬੈਂਕ) ਤੋਂ ਇੱਕ ਮਿਥੇ ਸਮੇਂ ਲਈ ਮਿਥੀ ਗਈ ਵਿਆਜ ਦਰ 'ਤੇ ਨਕਦੀ ਪ੍ਰਾਪਤ ਕਰਦਾ ਹੈ, ਆਮ ਤੌਰ 'ਤੇ ਉਸ ਵਿੱਚ ਮੁੜ-ਭੁਗਤਾਨ ਕਰਨ ਦਾ ਮਿਥਿਆ ਸਮਾਂ ਦਰਜ ਹੁੰਦਾ ਹੈ। ਮੂਲਧਨ ਨੂੰ ਭਵਿੱਖ ਦੀ ਮਿਥੀ ਗਈ ਤਾਰੀਖ 'ਤੇ ਵਾਪਸ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ।

ਜੇਕਰ ਤੁਸੀਂ ਕੈਨੇਡਾ ਵਿੱਚ ਆਪਣੇ ਪ੍ਰਮਾਣ ਪੱਤਰਾਂ ਨੂੰ ਮਾਨਤਾ ਪ੍ਰਾਪਤ ਕਰਵਾਉਣਾ ਚਾਹੁੰਦੇ ਹੋ, ਤਾਂ ਸਾਡਾ ਫੈਰਿਨ ਕ੍ਰੈਡੈਂਸ਼ੀਅਲ ਰੈਕੋਗਨੀਸ਼ਨ (ਐੱਫ ਸੀ ਆਰ) ਲੋਨ ਤੁਹਾਨੂੰ ਲੋੜੀਂਦੀਆਂ ਯੋਗਤਾਵਾਂ ਪ੍ਰਾਪਤ ਕਰਨ ਲਈ 30,000 ਡਾਲਰ ਤੱਕ ਦਾ ਉਧਾਰ ਲੈਣ ਵਿੱਚ ਮਦਦ ਕਰ ਸਕਦਾ ਹੈ।

ਮੌਰਗੇਜ: ਕਰਜ਼ਾ ਦੇਣ ਵਾਲੇ (ਜਿਵੇਂ ਕਿ ਇੱਕ ਬੈਂਕ) ਤੋਂ ਘਰ ਜਾਂ ਪ੍ਰਾਪਰਟੀ ਖਰੀਦਣ ਲਈ ਲਿਆ ਕਰਜ਼ਾ ਹੁੰਦਾ ਹੈ, ਅਤੇ ਉਹ ਪ੍ਰਾਪਰਟੀ ਕਰਜ਼ੇ ਦੀ ਜ਼ਮਾਨਤ ਵਜੋਂ ਵਰਤੀ ਜਾਂਦੀ ਹੈ। ਘਰ ਦੇ ਮਾਲਕ ਇੱਕ ਮਿਥੇ ਸਮੇਂ ਵਿੱਚ ਉਧਾਰ ਲਏ ਗਏ ਪੈਸੇ, ਅਤੇ ਵਿਆਜ ਵਾਪਸ ਕਰਦੇ ਹਨ। ਜੇਕਰ ਤੁਸੀਂ ਘਰ ਦੇ ਮਾਲਕ ਬਣਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਵੈਨਸਿਟੀ ਵਿਖੇ ਸਾਡੀ ਬਹੁ-ਸਭਿਆਚਾਰਕ ਮੌਰਗੇਜ ਮਾਹਰ ਟੀਮ ਨੂੰ ਮਿਲੋ।

ਔਨਲਾਈਨ ਬੈਂਕਿੰਗ: ਆਪਣੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ (ਫੋਨ, ਟੈਬਲਿਟ ਵਗੈਰਾ) ਤੋਂ ਇੰਟਰਨੈੱਟ ਰਾਹੀਂ ਆਪਣੇ ਖਾਤੇ ਤੱਕ ਪਹੁੰਚ ਕਰਕੇ ਪੈਸੇ ਭੇਜਣ ਅਤੇ ਬਿੱਲ ਭੁਗਤਾਨ ਕਰਨ ਵਰਗੇ ਬਹੁਤ ਸਾਰੇ ਲੈਣ-ਦੇਣ ਕਰਨ ਦਾ ਇੱਕ ਸੁਵਿਧਾਜਨਕ ਅਤੇ ਸੁਰੱਖਿਅਤ ਤਰੀਕਾ।

ਸੇਵਿੰਗਜ਼ ਅਕਾਊਂਟ (ਬੱਚਤ ਖਾਤਾ): ਇਸ ਕਿਸਮ ਦਾ ਬੈਂਕ ਖਾਤਾ ਆਮ ਤੌਰ 'ਤੇ ਜਮ੍ਹਾ ਕਰਵਾਈ ਰਕਮ 'ਤੇ ਵਿਆਜ ਦਿੰਦਾ ਹੈ ਅਤੇ ਤੁਹਾਨੂੰ ਆਸਾਨੀ ਨਾਲ ਆਪਣੇ ਪੈਸੇ ਪ੍ਰਾਪਤ ਕਰਨ ਦਿੰਦਾ ਹੈ।

ਵਾਇਰ ਪੇਮੈਂਟ: ਬੈਂਕ ਅਕਾਊਂਟ ਵਿੱਚੋਂ ਕੈਨੇਡਾ ਜਾਂ ਹੋਰ ਦੇਸ਼ਾਂ ਵਿੱਚ ਕਿਸੇ ਹੋਰ ਵਿਅਕਤੀ ਜਾਂ ਕਾਰੋਬਾਰ ਦੇ ਬੈਂਕ ਅਕਾਊਂਟ ਵਿੱਚ ਇਲੈਕੱਟ੍ਰਾਨਿਕ ਤਰੀਕੇ ਨਾਲ ਪੈਸੇ ਭੇਜਣ ਦਾ ਇੱਕ ਸੁਰੱਖਿਅਤ ਤਰੀਕਾ।

ਵਿਦਡਰਾਅਲ (ਪੈਸੇ ਕਢਵਾਉਣਾ): ਬੈਂਕ ਖਾਤੇ ਵਿੱਚੋਂ, ਆਟੋਮੇਟਿਡ ਬੈਂਕ ਮਸ਼ੀਨ (ਏ ਟੀ ਐੱਮ) ਜਾਂ ਬੈਂਕ ਦੀ ਬਰਾਂਚ ਤੋਂ ਨਕਦੀ ਕਢਵਾ ਕੇ, ਚੈੱਕ ਲਿਖ ਕੇ ਜਾਂ ਡੈਬਿਟ ਕਾਰਡ ਦੀ ਵਰਤੋਂ ਕਰਕੇ ਪੈਸੇ ਕਢਵਾਉਣ ਦੀ ਕਿਰਿਆ ।

Vancity